# Code No. 1409

**CLASS : 9th (Ninth)** **Series : 9-April/2021**

*ਰੋਲ ਨੰ.* ☐☐☐☐☐☐☐☐☐☐

# ਪੰਜਾਬੀ

## PUNJABI

(Only for Fresh/School Candidates)

*ਸਮਾਂ : $2\frac{1}{2}$ ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **7** ਅਤੇ ਪ੍ਰਸ਼ਨ **13** ਹਨ।*
- *ਪ੍ਰਸ਼ਨ-ਪੱਤਰ ਵਿੱਚ ਸਭਤੋਂ ਉੱਪਰ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : (ਹਿਦਾਇਤਾ ਉਹੀ ਲਈਆਂ ਜਾਣ ਜੋ ਦਸਵੀਂ ਦੇ ਪੇਪਰ ਵਿੱਚ ਦਿੱਤੀਆਂ ਹੋਈਆਂ ਹਨ)***

***ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

***ਪੜ੍ਹਨ-ਕੌਸ਼ਲ***

**1.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਅਮਰੀਕਾ ਵਿਚ ਮਸ਼ੀਨੀ ਯੁਗ ਇਸ ਲਈ ਛੇਤੀ ਆਇਆ ਕਿ ਸੌ ਸਾਲ ਪਹਿਲਾਂ ਉਥੇ ਹਰ ਨਿੱਕੇ ਵੱਡੇ ਨੂੰ ਹੱਥ ਨਾਲ ਕੰਮ ਕਰਨਾ ਪੈਂਦਾ ਸੀ। ਖਾਂਦੇ ਪੀਂਦੇ ਘਰਾਂ ਦੀਆਂ ਔਰਤਾਂ ਨੂੰ ਹੱਥ ਨਾਲ ਚੁਲ੍ਹਾ ਬਾਲਣਾ ਪੈਂਦਾ, ਹੱਥ ਨਾਲ ਕਪੜੇ ਧੋਣੇ ਪੈਂਦੇ, ਹੱਥ ਨਾਲ ਘਰ ਦੇ ਫਰਸ਼ਾਂ ਨੂੰ ਸਾਫ਼ ਕਰਨਾ ਪੈਂਦਾ। ਸੂਝਵਾਨ ਤੇ ਅਮੀਰ ਤਬਕੇ ਨੂੰ ਵੀ ਹੱਥ ਦੀ ਕਾਰ ਦੀ ਗੁਲਾਮੀ ਸੀ। ਬਹੁਤਾ ਵਕਤ ਇਸ ਤਰ੍ਹਾਂ ਖਰਚ ਹੋ ਜਾਂਦਾ ਅਤੇ ਕਿਸੇ ਹੋਰ ਕੰਮ ਲਈ ਵਿਹਲ ਨਾ ਮਿਲਦੀ। ਇਸ ਤਬਕੇ ਨੇ ਤੁਰਤ



www.mseducationtv.com

ਅਜਿਹੀਆਂ ਕਾਢਾਂ ਤੇ ਯੰਤਰਾਂ ਨੂੰ ਬਣਾਉਣ ਦੇ ਜਤਨ ਸਾਜੇ ਜਿਸ ਨਾਲ ਹੱਥ ਵਾਲਾ ਕੰਮ ਮਸ਼ੀਨ ਲੈ ਲਵੇ। ਕੁਝ ਹੀ ਮਾਲਾਂ ਵਿਚ ਭਾਰੇ ਤੇ ਥਕਾ ਦੇਣ ਵਾਲੇ ਕੰਮ ਮਸ਼ੀਨ ਕਰਨ ਲਗ ਪਈ। ਮਸ਼ੀਨਾਂ ਕਪੜੇ ਧੌਣ ਲਗੀਆਂ, ਆਦਮੀਆਂ ਵਾਂਗ ਸੋਚਣ ਤੇ ਹਿਸਾਬ ਦੇ ਸਵਾਲ ਕੱਢਣ ਲਗੀਆਂ।

(i) ਅਮਰੀਕਾ ਵਿਚ ਮਸ਼ੀਨੀ ਯੁਗ ਛੇਤੀ ਕਿਉਂ ਆਇਆ? 1

(ii) ਔਰਤਾਂ ਨੂੰ ਹੱਥਾਂ ਨਾਲ ਕਿਹੜੇ-ਕਿਹੜੇ ਕੰਮ ਕਰਨੇ ਪੈਂਦੇ ਹਨ? 2

(iii) ਮਸ਼ੀਨਾਂ ਕੀ-ਕੀ ਕੰਮ ਕਰਨ ਲਗੀਆਂ? 2

**2.** ਹੇਠ ਲਿਖੀਆਂ ਸਤਰਾਂ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਹੋ ! ਅਜੇ ਸੰਭਾਲ ਇਸ ਸਮੇਂ ਨੂੰ,
ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਣ ਜਾਚ ਨਾ ਜਾਣਦਾ,
ਲੰਘ ਗਿਆ ਨ ਮੁੜ ਕੇ ਆਵੰਦਾ।

(i) ਹੱਥ ਵਿਚੋਂ ਕੌਣ ਨਿਕਲ ਰਿਹਾ ਹੈ? 1

(ii) ਸਮੇਂ ਨੂੰ ਕਿਸ ਦਾ ਵੱਲ ਨਹੀਂ ਆਉਂਦਾ? 1

(iii) ਉਪਰੋਕਤ ਸਤਰਾਂ ਦੇ ਕਵੀ ਦਾ ਨਾਮ ਲਿਖੋ। 1

***ਵਿਆਕਰਨ***

**3.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 7 = 7$

(i) 'ਬਦ' ਅਗੇਤਰ ਵਾਲਾ ਸ਼ਬਦ ਚੁਣੋ :

(ੳ) ਬਦਸੂਰਤ (ਅ) ਬਦਲ

(ੲ) ਬਦਲਾ (ਸ) ਬਦਨ

(ii) 'ਸਾਰ' ਪਿਛੇਤਰ ਵਾਲਾ ਸ਼ਬਦ ਚੁਣੋ :

(ੳ) ਹਿਸਾਰ (ਅ) ਵਿਸਾਰ

(ੲ) ਮਿਲਣਸਾਰ (ਸ) ਨਿਸਾਰ



www.mseducationtv.com

(iii) 'ਅਸਮਾਨ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ :

(ੳ) ਅਕਾਸ਼ (ਅ) ਅੰਬਰ

(ੲ) ਗਗਨ (ਸ) ਉਪਰੋਕਤ ਸਾਰੇ

(iv) ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਕਹਿੰਦੇ ਹਨ :

(ੳ) ਕਿਰਿਆ (ਅ) ਕਿਰਿਆ ਵਿਸ਼ੇਸ਼ਣ

(ੲ) ਵਿਸ਼ੇਸ਼ਣ (ਸ) ਨਾਂਵ

(v) ਜਿਹੜੇ ਸ਼ਬਦ ਗਿਣਨਯੋਗ ਚੀਜ਼ਾਂ ਦੇ ਸਮੂਹ ਜਾਂ ਇਕੱਠ ਲਈ ਬਰਤੇ ਜਾਣ, ਉਹ ਹੰਦੇ ਹਨ :

(ੳ) ਵਸਤਵਾਚਕ ਨਾਂਵ (ਅ) ਇਕੱਠਵਾਚਕ ਨਾਂਵ

(ੲ) ਖ਼ਾਸ ਨਾਂਵ (ਸ) ਭਾਵਵਾਚਕ ਨਾਂਵ

(vi) ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦ ਅਖਵਾਉਂਦੇ ਹਨ :

(ੳ) ਨਾਂਵ (ਅ) ਪੜਨਾਂਵ

(ੲ) ਵਿਸ਼ੇਸ਼ਣ (ਸ) ਕਿਰਿਆ

(vii) ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(ੳ) ਅੱਠ (ਅ) ਸੱਤ

(ੲ) ਪੰਜ (ਸ) ਚਾਰ

**4.** ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ : 1 + 1

ਸੇਠ, ਮੁੰਡਾ

**5.** ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ : 1 + 1

ਮੰਜੀ, ਵੇਲ

**6.** ਹੇਠ ਲਿਖੇ ਸ਼ਬਦਾਂ ਦੇ ਵਿਪਰੀਤ ਸ਼ਬਦ ਲਿਖੋ : 1 + 1

ਆਪਣਾ, ਤਾਕਤਵਰ

**7.** 'ਉੱਤਰ' ਸ਼ਬਦ ਦੇ ਦੋ ਵਾਕ ਇਸ ਤਰ੍ਹਾਂ ਬਣਾਓ ਕਿ ਦੋਹਾਂ ਦੇ ਵੱਖ-ਵੱਖ ਅਰਥ ਹੋਣ। 1 + 1



www.mseducationtv.com

***ਲਿਖਣ-ਕੌਸ਼ਨ***

**8.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **200** ਸ਼ਬਦਾਂ ਦਾ ਲੇਖ ਲਿਖੋ : 5

(i) ਸਵੇਰ ਦੀ ਸੈਰ

(ii) ਮਨਭਾਉਂਦਾ ਤਿਉਹਾਰ

(iii) ਗੁਰੂ ਨਾਨਕ ਦੇਵ ਜੀ

(iv) ਵਧਦੀ ਆਬਾਦੀ

(v) ਮੇਰਾ ਹਰਿਆਣਾ ਪ੍ਰਦੇਸ਼

**9.** ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਫ਼ੀਸ ਮੁਆਫੀ ਲਈ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਮਿੱਤਰ ਨੂੰ ਪੱਤਰ ਲਿਖੋ ਕਿ ਪ੍ਰੀਖਿਆ ਤੋਂ ਬਾਅਦ ਤੁਸੀਂ ਕੀ ਕਰਨਾ ਚਾਹੁੰਦੇ ਹੋ।

***ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ***

**10.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 13 = 13$

(i) ਰੱਬ ਕਿੱਥੇ ਵਸਦਾ ਹੈ ?

(ੳ) ਜੰਗਲਾਂ 'ਚ (ਅ) ਹਿਰਦੇ 'ਚ

(ੲ) ਮੰਦਰਾਂ 'ਚ (ਸ) ਪਹਾੜਾ 'ਤੇ

(ii) ਕਵੀ ਫ਼ਿਰੋਜ਼ਦੀਨ ਸ਼ਰਫ਼ ਕਿਸ ਚੀਜ਼ ਦੀ ਖ਼ੈਰ ਮੰਗਦਾ ਹੈ ?

(ੳ) ਵਿੱਦਿਆ ਦੀ (ਅ) ਧਨ ਦੀ

(ੲ) ਪੰਜਾਬੀ ਭਾਸ਼ਾ ਦੀ (ਸ) ਹਿੰਦੀ ਭਾਸ਼ਾ ਦੀ

(iii) 'ਸ਼ਿਵ ਕੁਮਾਰ ਬਟਾਲਵੀ' .......... ਦੀ ਜੂਨ ਵਿਚ ਆਉਣ ਦਾ ਇੱਛੁਕ ਹੈ।

(ੳ) ਰੁੱਖ (ਅ) ਪੰਛੀਆਂ

(ੲ) ਮਨੁੱਖਾਂ (ਸ) ਪਸ਼ੂਆਂ



www.mseducationtv.com

(iv) ਪੰਜਾਬੀਆਂ ਦੀ ਮਾਂ-ਖੇਡ ਚੁਣੋ :

(ੳ) ਕਬੱਡੀ (ਅ) ਹਾਕੀ

(ੲ) ਕ੍ਰਿਕੇਟ (ਸ) ਫੁਟਬਾਲ

(v) ਮਹਾਤਮਾ ਬੁੱਧ ਨੇ ਦਖਸ਼ਣਾ ਵਿਚ ਮਿਲੀਆਂ .......... ਵਾਪਸ ਕਰ ਦਿੱਤੀਆਂ।

(ੳ) ਮੋਹਰਾਂ (ਅ) ਗਾਲ੍ਹਾਂ

(ੲ) ਚੀਜਾਂ (ਸ) ਵਸਤਾਂ

(vi) ਜੀਊਣੇ ਦੇ ਭਰਾ ਦਾ ਕੀ ਨਾਂ ਸੀ ?

(ੳ) ਬਚਨ ਸਿੰਘ (ਅ) ਸੱਦਾ ਸਿੰਘ

(ੲ) ਪ੍ਰੀਤੂ (ਸ) ਬਾਰੂ

(vii) ਬਾਬੇ ਬਾਰੂ ਦੇ ਕਿੰਨੇ ਪੁੱਤਰ ਸਨ ?

(ੳ) ਚਾਰ (ਅ) ਦੋ

(ੲ) ਪੰਜ (ਸ) ਤਿੰਨ

(viii) ਗਦਰ ਦੀ ਸੂਚਨਾ ਅੰਗਰੇਜਾਂ ਨੂੰ ਕਿਸ ਨੇ ਦਿੱਤੀ ?

(ੳ) ਕਰਤਾਰ ਸਿੰਘ ਨੇ (ਅ) ਸੋਹਣ ਸਿੰਘ ਨੇ

(ੲ) ਭਗਤ ਸਿੰਘ ਨੇ (ਸ) ਕਿਰਪਾਲ ਸਿੰਘ ਨੇ

***ਠੀਕ/ਗਲਤ ਚੁਣੋ :***

(ix) ਵੈਰ-ਵਿਰੋਧ ਨਾਲ ਹੀ ਏਕਤਾ ਆ ਸਕਦੀ ਹੈ। (ਠੀਕ/ਗਲਤ)

(x) ਸੱਗੀ ਗਲ ਵਿਚ ਪਾਉਣ ਵਾਲਾ ਗਹਿਣਾ ਹੈ। (ਠੀਕ/ਗਲਤ)

(xi) ਸੱਦਾ ਸਿੰਘ ਅੱਖੜ ਸੁਭਾਅ ਦਾ ਮਾਲਕ ਸੀ। (ਠੀਕ/ਗਲਤ)

(xii) ਸੇਠ ਬੂਟ ਪਾਲਸ਼ ਕਰਨ ਵਾਲੇ ਮੁੰਡੇ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਇਆ। (ਠੀਕ/ਗਲਤ)

(xiii) ਕਲਪਨਾ ਚਾਵਲਾ ਨੂੰ ਸਾਰੇ ਪਿਆਰ ਨਾਲ ਮੋਂਟੂ ਕਹਿੰਦੇ ਸੀ। (ਠੀਕ/ਗਲਤ)



www.mseducationtv.com

**11.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇਕ ਵਾਕ*** ਵਿਚ ਲਿਖੋ : $1 \times 12 = 12$

(i) ਆਦਮੀ ਕਿਹੜੀ ਚੀਜ਼ ਦਾ ਪਿਆਸਾ ਹੋ ਗਿਆ ਹੈ?

(ii) 'ਤਾਰਾ ਸਿੰਘ ਕਾਮਲ' ਦਵਾਰਾ ਕਵਿਤਾ ਵਿਚ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਇੱਛਾ ਕਿਸ ਕੋਲੋਂ ਕੀਤੀ ਗਈ ਹੈ?

(iii) ਰੁੱਖ ਕਦੋਂ ਰਲ ਕੇ ਝੂਮਦੇ ਹਨ?

(iv) ਗੱਪ ਬਾਜ ਨੇ ਕਿਹੜੇ ਜੰਗਲੀ ਜਾਨਵਰ ਨਾਲ ਲੜਨ ਦੀ ਗੱਪ ਮਾਰੀ?

(v) ਕਰਾਟੇ ਦਾ ਕੀ ਅਰਥ ਹੈ?

(vi) ਰਾਣੀ ਕਿੰਨੀ ਪੜ੍ਹੀ ਲਿਖੀ ਕੁੜੀ ਸੀ?

(vii) ਸੱਦਾ ਸਿੰਘ ਦੀ ਮੌਤ ਕਿਸ ਖੇਤੀ ਦੇ ਸੰਦ ਨਾਲ ਹੋਈ?

(viii) 'ਕਿਰਤ ਦਾ ਸਤਿਕਾਰ' ਇਕਾਂਗੀ ਕਿਸ ਦੀ ਰਚਨਾ ਹੈ?

(ix) ਸੇਠ ਦੇ ਨੌਕਰ ਦਾ ਕੀ ਨਾਂ ਸੀ?

(x) ਕਰਤਾਰ ਸਿੰਘ ਸਰਾਭਾ ਉੱਚ-ਵਿੱਦਿਆ ਹਾਸਲ ਕਰਨ ਲਈ ਕਿਹੜੇ ਦੇਸ਼ ਗਿਆ ਸੀ?

(xi) ਕਲਪਨਾ ਚਾਵਲਾ ਦਾ ਜਨਮ ਕਦੋਂ ਹੋਇਆ?

(xii) ਭਗਤ ਸਿੰਘ ਕਿਸ ਨੂੰ ਆਪਣਾ ਪ੍ਰੇਰਨਾ ਸਰੋਤ, ਆਪਣਾ ਗੁਰੂ ਮੰਨਦਾ ਸੀ?

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : $2 \times 5 = 10$

(i) ਸਿੰਮਲ ਦਾ ਰੁੱਖ ਕਿਹੋ ਜਿਹਾ ਹੁੰਦਾ ਹੈ?

(ii) ਪੰਜਾਬੀ ਦੀਆਂ ਦੋ ਪ੍ਰਸਿੱਧ ਅਖਬਾਰਾਂ ਦੇ ਨਾਂ ਦੱਸੋ।

(iii) ਬਾਬੇ ਬਾਰੂ ਦਾ ਆਪਣੇ ਕਿਸ ਪੁੱਤਰ ਕੋਲ ਰਹਿਣ ਨੂੰ ਮਨ ਕਰਦਾ ਹੈ ਅਤੇ ਕਿਉਂ?

(iv) ਕਿਸ਼ਨ ਕੌਣ ਹੈ ਅਤੇ ਉਹ ਕੀ ਕੰਮ ਕਰਦਾ ਹੈ?

(v) ਕਲਪਨਾ ਚਾਵਲਾ ਦੀ ਮੌਤ ਕਦੋਂ ਅਤੇ ਕਿਸ ਤਰ੍ਹਾਂ ਹੋਈ?



www.mseducationtv.com

**13.** ਹੇਠ ਲਿਖੇ ਕਿਸੇ ***ਚਾਰ*** ਪ੍ਰਸ਼ਨਾਂ ਦੇ ਉੱਤਰ **30-40** ਸ਼ਬਦਾਂ ਵਿਚ ਲਿਖੋ : $3 \times 4 = 12$

(i) ਹੱਥਾਂ ਅਤੇ ਪੈਰਾਂ ਨਾਲ ਅਸੀਂ ਆਪਣੀ ਰੱਖਿਆ ਕਿਵੇਂ ਕਰ ਸਕਦੇ ਹਾਂ ?

(ii) ਵਿਦੇਸ਼ਾਂ ਵਿਚ ਰਹਿ ਰਹੇ ਮੁੰਡਿਆਂ ਨੂੰ ਰੋਜੀ-ਰੋਟੀ ਕਮਾਉਣ ਲਈ ਕਿਨ੍ਹਾਂ-ਕਿਨ੍ਹਾਂ ਮੁਸਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?

(iii) ਇਸਤਰੀ ਪਾਤਰ ਦੀ ਕਿਸ਼ਨ ਨਾਲ ਹਮਦਰਦੀ ਕਿਉਂ ਹੈ ? ਆਪਣਾ ਜਾਵਬ ਦਿਉ।

(iv) ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲਈ ਕੀ ਇਲਜ਼ਾਮ ਲਾਇਆ ਗਿਆ ?

(v) ਪੰਜਾਬ ਸਟਾਈਲ ਕਬੱਡੀ ਦੇ ਬਾਰੇ ਵਿਸਥਾਰ ਨਾਲ ਚਰਚਾ ਕਰੋ।



www.mseducationtv.com